# ਨਸਲੀ ਸਮਾਨਤਾ ਨੂੰ ਉਤਸਾਹਿਤ ਕਰਨ ਲਈ
# ਮੌਜੂਦ ਅਤੇ ਯੋਜਨਾਬੱਧ ਕਦਮ

ਕਿੱਤਾਮੁਖੀ ਬੋਲਾਪਣ ਮੁਆਵਜ਼ਾ ਬੋਰਡ

ਕਿੱਤਾਮੁਖੀ ਬੋਲਾਪਣ ਮੁਆਵਜ਼ਾ ਬੋਰਡ(ਦੀ ਬੋਰਡ) ਕਿੱਤਾਮੁਖੀ ਬੋਲਾਪਣ (ਮੁਆਵਜ਼ਾ) ਓਰਡੀਨੈਂਸ ਤਹਿਤ ਉਨ੍ਹਾਂ ਲੋਕਾਂ ਦੀ ਹਾਨੀ ਪੂਰਤੀ ਲਈ ਸਥਾਪਿਤ ਕੀਤਾ ਗਿਆ ਸੀ ਜੋ ਕਿ ਆਪਣੇ ਪੇਸ਼ੇ ਕਾਰਣ ਸ਼ੋਰ ਸ਼ਰਾਬੇ ਕਰਕੇ ਬੋਲੇਪਣ ਦਾ ਸ਼ਿਕਾਰ ਹੋਏ ਹਨ। ਕਿੱਤਾਮੁਖੀ ਬੋਲਾਪਣ(ਓ.ਡੀ) ਤੋਂ ਬਚਾਵ ਲਈ ਬੋਰਡ, ਸਿੱਖਿਅਕ ਅਤੇ ਪਬਲਿਸਿਟੀ ਪ੍ਰੋਗਰਾਮ ਕਰਵਾਉਂਦਾ ਹੈ ਅਤੇ ਉਨ੍ਹਾਂ ਨੂੰ ਫਾਈਨਾਂਸ ਕਰਦਾ ਹੈ।

## *A.* ਓ.ਡੀ ਮੁਆਵਜ਼ਾ ਬੇਨਤੀ ਪੱਤਰ ਅਤੇ ਸੁਣਨਸ਼ਕਤੀ ਸੁਰੱਖਿਆ ਪ੍ਰਮੋਸ਼ਨ

| | |
|---|---|
| ਸੰਬੰਧਤ ਸੇਵਾਵਾਂ | • ਓ.ਡੀ ਮੁਆਵਜ਼ਾ ਬੇਨਤੀ ਪੱਤਰਾਂ ਨੂੰ ਪ੍ਰੋਸੈਸ ਅਤੇ ਨਿਰੀਖਣ ਕਰਦਾ ਹੈ ਅਤੇ ਸੁਣਨਸ਼ਕਤੀ ਸੁਰੱਖਿਆ ਲਈ ਜਨਤਕ ਜਾਗਰੂਕਤਾ ਵਧਾਉਂਦਾ ਹੈ। |
| ਮੌਜੂਦ ਕਦਮ | • ਬੋਰਡ ਚੀਨੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ।<br>• ਮੁਆਵਜੇ ਲਈ ਬੇਨਤੀ ਕਰਨ ਸੰਬੰਧੀ ਮੁੱਖ ਬੇਨਤੀ ਪੱਤਰ ਅਤੇ ਡੈਟਰਮਿਨੇਸ਼ਨ ਸਰਟੀਫਿਕੇਟ ਦੋਵੇਂ ਚੀਨੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਉੱਪਲਬਧ ਹਨ। ਵੱਖਰੇ ਪਿਛੋਕੜ ਵਾਲੇ ਆਵੇਦਕਾਂ ਲਈ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਲੋੜ ਪੈਣ ਤੇ ਮੁਹੱਈਆ ਕਰਵਾਈਆਂ ਜਾਣਗੀਆਂ। |
| ਭਵਿੱਖ ਦੇ ਕਾਰਜਾਂ ਦਾ ਮੁੱਲਾਂਕਣ | • ਵੱਖਰੇ ਪਿਛੋਕੜ ਵਾਲੇ ਆਵੇਦਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਬੋਰਡ ਸਮੇਂ ਸਮੇਂ ਤੇ ਸਮੀਖਿਆ ਕਰੇਗਾ ਅਤੇ ਲੋੜੀਂਦੀਆਂ ਤਬਦੀਲੀਆਂ ਕਰੇਗਾ। |

| | |
|---|---|
| | • ਵੱਖ ਵੱਖ ਪਿਛੋਕੜ ਦੇ ਵਿਅਕਤੀਆਂ ਨੂੰ ਦਿੱਤੀਆਂ ਗਈਆਂ ਸੇਵਾਵਾਂ ਤੋਂ ਬੋਰਡ ਡੇਟਾ ਅਤੇ ਆਂਕੜੇ ਇਕੱਠੇ ਕਰੇਗਾ (ਗੈਰ-ਨਿਜੀ ਜਾਣਕਾਰੀ) ਜਿਸ ਤੋਂ ਹੋਰ ਸੇਵਾਵਾਂ ਦੀ ਜ਼ਰੂਰਤ ਦਾ ਮੁੱਲਾਂਕਣ ਹੋਵੇਗਾ। |
| ਚੁੱਕੇ ਗਏ/ਚੁੱਕੇ ਜਾਣ ਵਾਲੇ ਵਧੇਰੇ ਕਦਮ | • .ਓ.ਡੀ ਮੁਆਵਜੇ ਅਤੇ ਸੁਣਨਸ਼ਕਤੀ ਸੁਰੱਖਿਆ ਬਾਰੇ ਜਾਣਕਾਰੀ ਪੱਤਰ ਅਤੇ ਇਸ਼ਤਿਹਾਰ ਅੱਗੇ ਦਿੱਤੀਆਂ ਅੱਠ ਭਾਸ਼ਾਵਾਂ (ਇੰਡੋਨੇਸ਼ੀਆਈ, ਨੇਪਾਲੀ, ਉਰਦੂ, ਪੰਜਾਬੀ, ਟੈਗਾਲੋਗ, ਥਾਈ, ਹਿੰਦੀ ਅਤੇ ਵਿਅਤਨਾਮੀ) ਵਿੱਚ ਆਨਲਾਈ ਉਪਲਬਧ ਹਨ ਅਤੇ ਛਪੀਆਂ ਹੋਈਆਂ ਕਾਪੀਆਂ, ਓ.ਡੀ.ਸੀ.ਬੀ ਦੇ ਸਰਵਿਸ ਕਾਊਂਟਰ ਵਿਖੇ ਵੰਡੀਆਂ ਜਾਂਦੀਆਂ ਹਨ। |
| | • ਚੀਨੀ ਅਤੇ ਅੰਗ੍ਰੇਜੀ ਦੋਵੇਂ ਨਾ ਬੋਲਣ ਵਾਲੇ ਓ.ਡੀ ਆਵੇਦਕ ਅਤੇ ਉਨ੍ਹਾਂ ਦੇ ਪਰਿਵਾਰ ਲਈ ਬੋਰਡ ਨੇ ਸੈਂਟਰ ਫਾਰ ਹਾਰਮੋਨੀ ਐਂਡ ਐਨਹਾਂਸਮੈਂਟ ਆਫ ਐਥਨਿਕ ਮਾਈਨੋਰਿਟੀ ਰੈਜੀਡੈਂਟਸ (ਸੀ.ਐਚ.ਈ.ਈ.ਆਰ) ਵਿਖੇ ਮੁਫਤ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਲਈ ਆਵੇਦਨ ਦਿੱਤਾ ਹੋਇਆ ਹੈ। ਸੇਵਾ ਨੂੰ ਪ੍ਰਮੋਟ ਕਰਨ ਲਈ ਹੋਰ ਮੁੱਖ ਭਾਸ਼ਾਵਾਂ ( ਜਿਵੇਂ ਕਿ ਟੈਗਾਲੋਗ, ਬਹਾਸਾ, ਇੰਡੋਨੇਸ਼ੀਆਈ, ਥਾਈ, ਹਿੰਦੀ, ਉਰਦੂ, ਨੇਪਾਲੀ, ਪੰਜਾਬੀ ਅਤੇ ਵਿਅਤਨਾਮੀ) ਵਿੱਚ ਨੋਟਿਸ, ਦਫਤਰ ਦੇ ਮੁੱਖ ਸਥਾਨਾਂ ਉੱਤੇ ਲਗਾਏ ਜਾਣਗੇ। |

***B.*** ਕਰਮਚਾਰੀਆਂ ਲਈ ਟ੍ਰੇਨਿੰਗ

| | |
|---|---|
| ਸੰਬੰਧਿਤ ਸੇਵਾਵਾਂ | • ਸਾਡੇ ਕਰਮਚਾਰੀਆਂ ਨੂੰ ਨਸਲੀ ਸੰਵੇਦਨਸ਼ੀਲਤਾ ਬਾਰੇ ਜਾਗਰੂਕ ਕਰਨਾ ਤਾਂ ਕਿ ਉਨ੍ਹਾਂ ਦੀ ਨਸਲੀ ਭੇਦਭਾਵ ਓਰਡੀਨੈਂਸ ਦੀ ਸਮਝ ਵੱਧ ਸਕੇ। |
| ਚੁੱਕੇ ਜਾਣ ਵਾਲੇ ਕਦਮ | • ਬੋਰਡ ਕਰਮਚਾਰੀਆਂ ਨੂੰ ਇਕੁਅਲ ਆਪਰਚਿਊਨੀਟੀਜ਼ ਕਮਿਸ਼ਨ ਅਤੇ ਸੰਬੰਧਤ ਗੈਰ-ਸਰਕਾਰੀ ਸੰਸਥਾਵਾਂ ਵਲੋਂ ਮੁਹੱਈਆ ਟ੍ਰੇਨਿੰਗ ਪ੍ਰੋਗਰਾਮਾਂ |

ਵਿੱਚ ਹਿੱਸਾ ਲੈਣ ਲਈ ਭੇਜੇਗਾ।

ਨਸਲੀ ਸਮਾਨਤਾ ਨੂੰ ਉਤਸਾਹਿਤ ਕਰਨ ਲਈ ਸਾਡੇ ਮੌਜੂਦਾ ਅਤੇ ਯੋਜਨਾਬੱਧ ਕਦਮਾਂ ਬਾਰੇ ਸਵਾਲ ਕਰਨ ਲਈ, ਡਾਈਰੈਕਟਰ ਆਫ ਆਪਰੇਸ਼ਨਸ ਨੂੰ ਹੇਠ ਲਿਖੇ ਚੈਨਲਾਂ ਰਾਹੀਂ ਸੰਪਰਕ ਕਰੋ:

| | | |
|---|---|---|
| ਫੋਨ | : | 2723 1288/2723 1928 |
| ਫੈਕਸ | : | 2581 4698 |
| ਈ-ਮੇਲ | : | contact@odcb.org.hk |
| ਪਤਾ | : | Office A-B, 15/F, Billion Plaza II, 10 Cheung Yue Street, Cheung Sha Wan, Kowloon, Hong Kong |

**ਕਿੱਤਾਮੁਖੀ ਬੋਲਾਪਣ ਮੁਆਵਜ਼ਾ ਬੋਰਡ**

**ਜਨਵਰੀ 2021**